# ਦੇਖਭਾਲ ਦੇ ਆਪਣੇ ਟੀਚੇ ਦਸਤਾਵੇਜ਼ਬੱਧ ਕਰਨੇ
# Documenting your Goals of Care

**ਲਾਗੂ ਹੋਣ ਦੀ ਤਾਰੀਖ਼: ਦਸੰਬਰ, 2020**
**Effective Date: December, 2020**

ਪਿਆਰੇ ਮਰੀਜ਼,

ਕੋਵਿਡ-19 ਦੇ ਗੰਭੀਰ ਫੈਲਾਓ ਦੀ ਰੋਸ਼ਨੀ ਵਿੱਚ ਅਸੀਂ ਤੁਹਾਨੂੰ ਦੇਖਭਾਲ ਸੰਬੰਧੀ ਤੁਹਾਡੀ ਅਗਾਊਂ ਯੋਜਨਾਬੰਦੀ ਬਾਰੇ ਵਿਚਾਰ ਕਰਨ ਲਈ ਕਹਿ ਰਹੇ ਹਾਂ: ਤੁਹਾਡੀਆਂ ਇੱਛਾਵਾਂ, ਟੀਚੇ ਅਤੇ ਭੈਅ। ਅਸੀਂ ਸਮਝਦੇ ਹਾਂ ਕਿ ਬੀਤੇ ਕੁਝ ਮਹੀਨਿਆਂ ਦੌਰਾਨ ਤੁਹਾਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ -ਤੁਹਾਡੀ ਗੁਰਦਾ ਦੇਖਭਾਲ ਦੀ ਬਹੁ-ਅਨੁਸ਼ਾਸਨੀ ਟੀਮ ਵੱਲੋਂ ਤਿਆਰ ਕੀਤੀ ਵਿਚਾਰਸ਼ੀਲ, ਸੰਗਠਿਤ ਯੋਜਨਾ ਮੁਤਾਬਕ ਸਭ ਤੋਂ ਵਧੀਆ ਦੇਖਭਾਲ ਪ੍ਰਦਾਨ ਕਰਨ ਲਈ ਜਿੱਥੇ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਾਂ, ਉੱਥੇ ਹੀ ਅਸੀਂ ਤੁਹਾਡੇ ਸਬਰ ਅਤੇ ਸਮਝ ਲਈ ਤੁਹਾਨੂੰ ਧੰਨਵਾਦ ਕਹਿੰਦੇ ਹਾਂ।

ਤੁਹਾਡੇ ਵਿੱਚੋਂ ਜਿਹੜੇ ਵਿਅਕਤੀ ਗੁਰਦੇ ਦੇ ਲੰਮੇ ਮਿਆਦ ਵਾਲੇ ਰੋਗ ਨਾਲ ਜਿਊਂ ਰਹੇ ਹਨ, ਉਨ੍ਹਾਂ ਨੂੰ ਕੋਵਿਡ-19 ਇਨਫ਼ੈਕਸ਼ਨ ਕਾਰਣ ਗੰਭੀਰ ਗੁੰਝਲਾਂ ਹੋਣ ਦੀ ਸੰਭਾਵਨਾ ਦਾ ਵਧੇਰੇ ਖ਼ਤਰਾ ਹੈ। ਇਸ ਲਈ ਜੇ ਇਸ ਸਮੇਂ ਦੌਰਾਨ ਤੁਹਾਡੀ ਸਿਹਤ ਦੀ ਹਾਲਤ ਵਿੱਚ ਤਬਦੀਲੀ ਆਉਂਦੀ ਹੈ ਤਾਂ ਦੇਖਭਾਲ ਸੰਬੰਧੀ ਤੁਹਾਡੀਆਂ ਤਰਜੀਹਾਂ ਬਾਰੇ ਹੁਣ ਸਪਸ਼ਟ ਰੂਪ ਵਿੱਚ ਲਿਖਿਆ ਹੋਣਾ ਲਾਜ਼ਮੀ ਹੈ।

ਤੁਹਾਡੀ ਦੇਖਭਾਲ ਯੋਜਨਾ ਅਤੇ ਦੇਖਭਾਲ ਸੰਬੰਧੀ ਤੁਹਾਡੀਆਂ ਮੰਗਾਂ ਦਾ ਵੇਰਵਾ ਦੇਣ ਵਾਲੇ ਮੈਡੀਕਲ ਆਡਰ ਸਕੋਪ ਆਫ਼ ਟ੍ਰੀਟਮੈਂਟ (MOST - ਮੋਸਟ) ਵਿੱਚ ਤੁਹਾਡੀਆਂ ਇੱਛਾਵਾਂ ਨੂੰ ਅੱਪਡੇਟ ਕਰਨ ਵਾਸਤੇ ਆਉਂਦੇ ਕੁਝ ਹਫ਼ਤਿਆਂ ਦੌਰਾਨ ਅਸੀਂ ਤੁਹਾਡੇ ਤਕ ਪਹੁੰਚ ਕਰਾਂਗੇ। ਤੁਹਾਡੀ ਬਿਮਾਰੀ ਦੇ ਸਫ਼ਰ ਦੌਰਾਨ ਤੁਹਾਡੇ ਲਈ ਸਭ ਤੋਂ ਜ਼ਰੂਰੀ ਚੀਜ਼ਾਂ ਬਾਰੇ ਗੱਲਬਾਤ ਕਰਨੀ ਸਾਡੀ ਦੇਖਭਾਲ ਦੇ ਉੱਚੇ ਮਿਆਰ ਦਾ ਹਿੱਸਾ ਹੈ। ਤੁਹਾਡੀ ਤਰਜੀਹ ਮੁਤਾਬਕ ਦਖ਼ਲਅੰਦਾਜ਼ੀ ਦੇ ਪੱਧਰ ਅਨੁਸਾਰ ਅਸੀਂ ਤੁਹਾਡੀਆਂ ਇੱਛਾਵਾਂ ਨੂੰ ਸਪਸ਼ਟ ਢੰਗ ਨਾਲ ਸਮਝਣਾ ਚਾਹੁੰਦੇ ਹਾਂ। ਇਸ ਦਾ ਸੰਬੰਧ ਵਿਸ਼ੇਸ਼ ਤੌਰ ’ਤੇ ਟ੍ਰੀਟਮੈਂਟ ਦੇ ਪੱਧਰ ਅਤੇ ਤੀਬਰਤਾ ਸੰਬੰਧੀ ਤੁਹਾਡੇ ਵੱਲੋਂ ਆਪਣੀਆਂ ਇੱਛਾਵਾਂ ਜ਼ਾਹਰ ਕਰਨਾ ਯਕੀਨੀ ਬਣਾਉਣ ਅਤੇ ਤੁਹਾਡੀਆਂ ਇੱਛਾਵਾਂ ਨੂੰ ਸੁਣੇ, ਸਤਿਕਾਰੇ ਅਤੇ ਸਪਸ਼ਟ ਢੰਗ ਨਾਲ ਦਸਤਾਵੇਜ਼ਬੱਧ ਕੀਤੇ ਜਾਣ ਨਾਲ ਹੈ।

ਇਹ ਅਨਿਸ਼ਚਿਤ ਸਮਾਂ ਹੈ ਪਰ ਤੁਸੀਂ ਇਸ ਗੱਲ ਬਾਰੇ ਬੇਫ਼ਿਕਰ ਹੋ ਸਕਦੇ ਹੋ ਅਤੇ ਭਰੋਸਾ ਰੱਖ ਸਕਦੇ ਹੋ ਕਿ ਅੱਗੇ ਭਾਂਵੇਂ ਕੋਈ ਵੀ ਚੁਣੌਤੀਆਂ ਹੋਣ, ਤੁਹਾਡੀ ਗੁਰਦਾ ਦੇਖਭਾਲ ਟੀਮ ਤੁਹਾਨੂੰ ਸਹਾਰਾ ਦੇਣਾ ਜਾਰੀ ਰੱਖੇਗੀ।

ਸਤਿਕਾਰ ਸਹਿਤ,

ਗੁਰਦਾ ਦੇਖਭਾਲ ਪ੍ਰਦਾਨ ਕਰਨ ਵਾਲੀ ਤੁਹਾਡੀ ਟੀਮ